WCB FACTS 2024

# ਠੇਕੇ ਦੇ ਮਜ਼ਦੂਰਾਂ ਲਈ ਕਵਰੇਜ

*ਵਰਕਰਜ਼ ਕਮਪਨਸੇਸ਼ਨ ਐਕਟ (The Workers Compensation Act)* ਦੇ ਤਹਿਤ, ਵਰਕਰਜ਼ ਕਮਪਨਸੇਸ਼ਨ ਬੋਰਡ ਮੈਨੀਟੋਬਾ (Workers Compensation Board Manitoba) ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਮੈਨੀਟੋਬਾ ਵਿੱਚ ਜ਼ਿਆਦਾਤਾਰ ਉਦਯੋਗਾਂ ਦੇ ਮਜ਼ਦੂਰਾਂ ਲਈ ਮੁਆਵਜ਼ਾ ਕਵਰੇਜ ਪ੍ਰਦਾਨ ਕਰੇ। ਇਸ ਵਿੱਚ ਉਹ ਵਿਅਕਤੀ ਸ਼ਾਮਲ ਹੋ ਸਕਦੇ ਹਨ ਜੋ ਲਾਜ਼ਮੀ ਉਦਯੋਗਾਂ ਵਿੱਚ ਠੇਕੇ ਦੇ ਆਧਾਰ ਤੇ ਕੰਮ ਕਰਦੇ ਹਨ।

ਠੇਕਾ ਸੇਵਾਵਾਂ ਦੇ ਮਾਮਲੇ ਵਿੱਚ, WCB ਲਈ ਤੈਅ ਕਰਨਾ ਲਾਜ਼ਮੀ ਹੈ ਕਿ ਕੀ ਇਹ ਰੁਜ਼ਗਾਰਦਾਤਾ ਹਨ, ਸੁਤੰਤਰ ਠੇਕੇਦਾਰ ਹਨ ਜਾਂ ਇਕ ਕਾਰੋਬਾਰ ਇਕਾਈ ਦੀ ਵਰਤੋਂ ਕਰ ਰਹੇ ਤੁਹਾਡੇ ਮਜ਼ਦੂਰ ਹਨ। ਜੇ ਇਹ ਤੁਹਾਡੇ ਮਜ਼ਦੂਰ ਮੰਨ ਲਏ ਜਾਂਦੇ ਹਨ, ਤਾਂ ਤੁਹਾਨੂੰ ਉਹਨਾਂ ਦੇ ਠੇਕੇ ਦੇ ਭੁਗਤਾਨਾਂ (GST ਨੂੰ ਛੱਡ ਕੇ) ਦੇ ਮਜ਼ਦੂਰੀ ਹਿੱਸੇ ਦੀ ਜਾਣਕਾਰੀ ਮਜ਼ਦੂਰ ਦੀ ਤਨਖ਼ਾਹ ਵਜੋਂ ਦੇਣੀ ਹੁੰਦੀ ਹੈ।

## ਜੇ ਮੈਂ ਠੇਕੇ ਦੇ ਮਜ਼ਦੂਰਾਂ ਨੂੰ ਕੰਮ ਤੇ ਰੱਖਦਾ/ਰੱਖਦੀ ਹਾਂ ਤਾਂ ਮੇਰੀਆਂ ਕੀ ਜ਼ਿੰਮੇਵਾਰੀਆਂ ਹਨ?

1) ਉਪ-ਠੇਕੇਦਾਰਾਂ ਅਤੇ ਉਹਨਾਂ ਦੇ ਮਜ਼ਦੂਰਾਂ ਲਈ ਮੁਆਵਜ਼ਾ ਕਵਰੇਜ ਪ੍ਰਦਾਨ ਕਰਨਾ ਜੋ ਆਪਣੇ ਖੁਦ ਦੇ ਮੁਆਵਜ਼ਾ ਕਵਰੇਜ ਲਈ ਯੋਗ ਨਹੀਂ ਹੁੰਦੇ ਹਨ।

2) ਇਹ ਯਕੀਨੀ ਬਣਾਉਣਾ ਕਿ ਯੋਗ ਹੋਏ ਉਪ-ਠੇਕੇਦਾਰ ਅਤੇ ਉਹਨਾਂ ਰਾਹੀਂ ਰੁਜ਼ਗਾਰ ਤੇ ਰੱਖੇ ਕੋਈ ਮਜ਼ਦੂਰ ਰਜਿਸਟਰ ਹੋਏ ਹਨ, ਅਤੇ WCB ਦੇ ਨਾਲ ਚੰਗੀ ਸਥਿਤੀ ਵਿੱਚ ਹਨ।

## ਇਹ ਕਿਹੜੇ ਉਦਯੋਗਾਂ ਲਈ ਲਾਗੂ ਹੁੰਦਾ ਹੈ?

ਜੇ ਤੁਹਾਡਾ ਕਾਰੋਬਾਰ ਕਿਸੇ ਠੇਕੇ-ਆਧਾਰਤ ਉਦਯੋਗ ਵਿੱਚ ਲੱਗਿਆ ਹੈ (ਜਿਵੇਂ ਕਿ ਉਸਾਰੀ, ਟ੍ਰੱਕ ਉਦਯੋਗ, ਲੱਕੜ ਲਈ ਰੁੱਖਾਂ ਨੂੰ ਕੱਟਣ ਦਾ ਕੰਮ (ਲੌਗਿੰਗ), ਇਮਾਰਤ ਦੀ ਸਫ਼ਾਈ ਦਾ ਕੰਮ (ਜੈਨੀਟੋਰੀਅਲ), ਤੇਲ ਅਤੇ ਗੈਸ ਦੇ ਖੂਹ, ਸਾਮਾਨ ਖਿੱਚਣ ਵਾਲੇ ਟ੍ਰੱਕ, ਆਦਿ), ਤਾਂ ਤੁਹਾਡੇ ਉਤਪਾਦਾਂ ਜਾਂ ਸੇਵਾਵਾਂ ਦਾ ਮੁੱਲ ਵਧਾਉਣ ਵਾਲੇ ਠੇਕੇ ਉੱਤੇ ਰੱਖੇ ਗਏ ਸੇਵਾ ਪ੍ਰਦਾਤਾ ਤੁਹਾਡੇ ਮਜ਼ਦੂਰ ਮੰਨੇ ਜਾਣਗੇ ਜੇ ਉਹ ਨਿਜੀ ਕਵਰੇਜ ਵਾਲੇ ਇਕ ਰੁਜ਼ਗਾਰਦਾਤਾ ਜਾਂ ਸੁਤੰਤਰ ਠੇਕੇਦਾਰ ਵਜੋਂ WCB ਦੇ ਨਾਲ ਰਜਿਸਟਰ ਨਹੀਂ ਹੋਏ ਹਨ।

ਜੇ ਤੁਹਾਡਾ ਕਾਰੋਬਾਰ ਉੱਪਰ ਵਰਣਨ ਮੁਤਾਬਕ ਠੇਕੇ ਉੱਤੇ ਆਧਾਰਤ ਉਦਯੋਗ ਨਹੀਂ ਹੈ, ਅਤੇ ਤੁਸੀਂ ਠੇਕੇ ਦੇ ਆਧਾਰ ਉੱਤੇ ਸੇਵਾ ਪ੍ਰਦਾਤਾਵਾਂ ਨੂੰ ਸ਼ਾਮਲ ਕਰਦੇ ਹੋ ਤਾਂ ਤੁਹਾਨੂੰ WCB ਨਾਲ ਸੰਪਰਕ ਕਰਨ ਦੀ ਲੋੜ ਹੁੰਦੀ ਹੈ, ਇਹ ਤੈਅ ਕਰਨ ਲਈ ਕਿ ਕੀ ਉਹ ਇਕ ਸੁੰਤਤਰ ਕਾਰੋਬਾਰ ਹਨ ਜਾਂ ਕੀ ਉਹ ਮਜ਼ਦੂਰ ਹੈ ਜਿਸ ਲਈ ਤੁਹਾਨੂੰ ਤੁਹਾਡੇ ਪੇਰੋਲ ਹਿਸਾਬਾਂ ਵਿੱਚ ਕਮਾਈਆਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ।

**ਕਾਰੋਬਾਰ ਜਾਂਚ ਕੀ ਹੈ?**

ਆਮ ਤੌਰ ਤੇ, ਜੇ ਵਿਅਕਤੀ 2024 ਵਿੱਚ ਕਾਮਿਆਂ ਨੂੰ $28,960 ਦੇ ਸਾਲਾਨਾ ਘੱਟੋ ਘੱਟ ਕਮਾਈ ਦੇ ਪੱਧਰ ਤੋਂ ਵੱਧ ਰੁਜ਼ਗਾਰ ਦਿੰਦਾ ਹੈ ਜਾਂ ਮੁੱਖ ਤੌਰ 'ਤੇ ਆਪਣੇ ਕਾਰੋਬਾਰੀ ਅਦਾਰਿਆਂ ਦੇ ਅੰਦਰ ਕੰਮ ਕਰਦਾ ਹੈ, ਤਾਂ ਉਨ੍ਹਾਂ ਨੂੰ ਤੁਹਾਡਾ ਕਰਮਚਾਰੀ ਨਹੀਂ ਮੰਨਿਆ ਜਾਵੇਗਾ।

ਜੇ ਉਹ WCB ਰਾਹੀਂ ਤੈਅ ਕੀਤੇ ਮੁਤਾਬਕ, ਉਪਰੋਕਤ ਕਸੌਟੀ ਨੂੰ ਪੂਰਾ ਨਹੀਂ ਕਰਦੇ ਤਾਂ WCB ਉਹਨਾਂ ਦੀ ਸਥਿਤੀ ਦਾ ਨਿਰਧਾਰਨ ਕਰਨ ਲਈ ਸੁਤੰਤਰ ਕਾਰੋਬਾਰ ਜਾਂਚ ਨੂੰ ਵਰਤੇਗਾ। ਵਰਤੇ ਗਏ ਕਾਰਕਾਂ ਦੇ ਉਦਾਹਰਨ ਹੇਠ ਲਿਖੇ ਹਨ:

- ਮਜ਼ਦੂਰਾਂ ਨੂੰ ਰੁਜ਼ਗਾਰ ਦਿੰਦਾ ਹੈ
- ਇਕ ਤੋਂ ਵੱਧ ਗ੍ਰਾਹਕ ਹਨ
- ਉਪਕਰਣ ਦੇ ਵੱਡੇ ਹਿੱਸੇ ਦਾ ਰੁਜ਼ਗਾਰਦਾਤਾ ਹੈ ਜਾਂ ਪਟੇ ਉੱਤੇ ਲੈਂਦਾ ਹੈ
- ਉਹਨਾਂ ਦੇ ਕੰਮ ਅਤੇ ਭੁਗਤਾਨ ਅਨੁਸੂਚੀ ਨੂੰ ਨਿਯੰਤ੍ਰਿਤ ਕਰਦਾ ਹੈ।

ਜੇ ਉਹ ਇਹ ਜਾਂਚ ਪੂਰੀ ਨਹੀਂ ਕਰਦੇ, ਤਾਂ ਉਹ ਤੁਹਾਡੇ ਮਜ਼ਦੂਰ ਹਨ, ਉਸ ਉਦਯੋਗ ਤੋਂ ਬੇਪਰਵਾਹ ਜਿਸ ਵਿੱਚ ਤੁਸੀਂ ਕਾਰੋਬਾਰ ਚਲਾਉਂਦੇ ਹੋ।

ਜੇ ਤੁਸੀਂ ਇਕ ਠੇਕੇ ਉੱਤੇ ਆਧਾਰਤ ਉਦਯੋਗ ਵਿੱਚ ਵਪਾਰ ਚਲਾਉਂਦੇ ਹੋ (ਪਹਿਲੇ ਵਰਣਨ ਕੀਤੇ ਮੁਤਾਬਕ), ਅਤੇ WCB ਤੈਅ ਕਰਦਾ ਹੈ ਕਿ ਤੁਹਾਡਾ ਉਪ-ਠੇਕੇਦਾਰ ਕਾਰੋਬਾਰ ਜਾਂਚ ਤੇ ਖਰਾ ਉਤਰਦਾ ਹੈ, ਤਾਂ ਉਹਨਾਂ ਕੋਲ ਨਿਜੀ ਕਵਰੇਜ ਖਰੀਦਣ ਦਾ ਵਿਕਲਪ ਹੁੰਦਾ ਹੈ। ਹਾਲਾਂਕਿ, ਜੇ ਉਹ ਇਸ ਮਾਮਲੇ ਵਿੱਚ ਨਿਜੀ ਕਵਰੇਜ ਨਹੀਂ ਖਰੀਦਦੇ, ਉਹ, ਅਤੇ ਉਹਨਾਂ ਦੇ ਮਜ਼ਦੂਰ, ਤੁਹਾਡਾ(ਡੇ) ਮਜ਼ਦੂਰ ਮੰਨੇ ਜਾਣਗੇ।

ਜੇ ਤੁਸੀਂ ਇਕ ਗੈਰ-ਠੇਕਾ ਆਧਾਰਤ ਉਦਯੋਗ ਵਿੱਚ ਕਾਰੋਬਾਰ ਚਲਾਉਂਦੇ ਹੋ, ਅਤੇ WCB ਤੈਅ ਕਰਦਾ ਹੈ ਕਿ ਤੁਹਾਡਾ ਠੇਕੇਦਾਰ ਸੁਤੰਤਰ ਹੈ, ਤਾਂ ਉਹ ਤੁਹਾਡੇ ਮਜ਼ਦੂਰ ਨਹੀਂ ਮੰਨੇ ਜਾਣਗੇ। ਉਹਨਾਂ ਕੋਲ ਨਿਜੀ ਕਵਰੇਜ ਲਈ ਅਰਜ਼ੀ ਦੇਣ ਦੀ ਚੋਣ ਹੁੰਦੀ ਹੈ ਅਤੇ ਜੇ ਉਹ ਕਿਸੇ ਲਾਜ਼ਮੀ ਉਦਯੋਗ ਵਿੱਚ ਕੰਮ ਕਰ ਰਹੇ ਹਨ ਤਾਂ ਉਹਨਾਂ ਲਈ ਕਿਸੇ ਮਜ਼ਦੂਰਾਂ ਨੂੰ ਕਵਰ ਕਰਨਾ ਲਾਜ਼ਮੀ ਹੁੰਦਾ ਹੈ।

**ਮੈਂ WCB ਦੇ ਨਾਲ ਆਪਣੇ ਠੇਕੇਦਾਰ ਦੀ ਸਥਿਤੀ ਨੂੰ ਕਿਵੇਂ ਅਤੇ ਕਦੋਂ ਤੈਅ ਕਰ ਸਕਦਾ/ਸਕਦੀ ਹਾਂ?**

ਤੁਸੀਂ ਠੇਕੇਦਾਰ ਨੂੰ ਕੰਮ ਤੇ ਰੱਖਣ ਤੋਂ ਪਹਿਲਾਂ WCB ਆਗਿਆ-ਪੱਤਰ ਬੇਨਤੀ ਪ੍ਰਣਾਲੀ (Clearance Request System) ਵਲੋਂ ਆਗਿਆ ਪ੍ਰਾਪਤ ਕਰਕੇ ਇਸ ਨੂੰ ਤੈਅ ਕਰ ਸਕਦੇ ਹੋ। ਨਹੀਂ ਤਾਂ, ਤੁਸੀਂ ਆਪਣੇ ਮਜ਼ਦੂਰ ਹੋਣ ਵਜੋਂ ਮੰਨੇ ਗਏ ਕਿਸੇ ਵਿਅਕਤੀਆਂ ਜਾਂ ਕਾਰੋਬਾਰਾਂ ਲਈ ਆਕਲਨ ਵਾਸਤੇ ਜਵਾਬਦੇਹ ਹੋ ਸਕਦੇ ਹੋ।

WCB ਆਗਿਆ-ਪੱਤਰ ਬੇਨਤੀ ਪ੍ਰਣਾਲੀ ਇਕ ਹਫਤੇ ਵਿੱਚ ਸੱਤ ਦਿਨ, ਇਕ ਦਿਨ ਵਿੱਚ 24 ਘੰਟੇ ਕੰਮ ਕਰਦੀ ਹੈ। ਸਿਸਟਮ ਤੱਕ www.wcb.mb.ca/clearances 'ਤੇ ਔਨਲਾਈਨ ਡਾਇਰੈਕਟਰੀ ਰਾਹੀਂ ਪਹੁੰਚਿਆ ਜਾ ਸਕਦਾ ਹੈ। ਸਿਸਟਮ ਕੋਲ ਦੋ ਕਿਸਮਾਂ ਦੀ ਪਹੁੰਚ ਹੈ, ਜਿਵੇਂ ਕਿ:

1. **ਆਮ ਜਨਤਕ ਪਹੁੰਚ:** ਤੁਸੀਂ ਖਾਤਾ ਨੰਬਰ, ਕੰਪਨੀ ਜਾਂ ਵਪਾਰ ਸ਼ੈਲੀ ਦੇ ਨਾਂ ਰਾਹੀਂ ਕਾਰੋਬਾਰਾਂ ਦੀ ਇਕ ਵਿਆਪਕ ਸੂਚੀ ਦੀ ਖੋਜ ਕਰ ਸਕਦੇ ਹੋ ਅਤੇ WCB ਦੇ ਨਾਲ ਉਹਨਾਂ ਦੀ ਸਥਿਤੀ ਨੂੰ ਤੁਰੰਤ ਦੇਖ ਸਕਦੇ ਹੋ। ਤੁਸੀਂ ਜਿੰਨੇ ਨਾਂ ਜਾਂ ਖਾਤਾ ਨੰਬਰ ਦਾਖ਼ਲ ਕਰਨਾ ਚਾਹੁੰਦੇ ਹੋ, ਕਰੋ ਅਤੇ ਹਰ ਇਕ ਉੱਤੇ ਤੁੰਰਤ ਜਾਣਕਾਰੀ ਪ੍ਰਾਪਤ ਕਰੋ।

2. **ਰਜਿਸਟਰਡ ਵਰਤੋਂਕਾਰ ਪਹੁੰਚ:** ਇਕ ਸੁਰੱਖਿਅਤ ਇੰਟਰਨੈੱਟ ਕਨੈਕਸ਼ਨ ਵਰਤ ਕੇ, ਰਜਿਸਟਰ ਹੋਏ ਉਪਭੋਗਤਾ ਕਾਰੋਬਾਰ ਅਤੇ ਉਪ-ਠੇਕੇਦਾਰਾਂ ਦੀਆਂ ਅਨੁਕੂਲ ਬਣਾਈਆਂ, ਪਰਸਪਰ ਪ੍ਰਭਾਵੀ ਸੂਚੀਆਂ ਬਣਾ ਸਕਦੇ ਹਨ। ਜੇ ਕਿਸੇ ਕੰਪਨੀ ਦੀ ਸਥਿਤੀ ਬਦਲ ਜਾਂਦੀ ਹੈ, ਤਾਂ ਆਗਿਆ-ਪੱਤਰ ਬੇਨਤੀ ਪ੍ਰਣਾਲੀ ਤੁਹਾਡੀ ਫਾਈਲ ਵਿੱਚ ਕੰਪਨੀ ਦੇ ਨਾਂ ਨੂੰ ਆਪਣੇ-ਆਪ ਨਿਸ਼ਾਨ ਲਗਾਏਗੀ ਅਤੇ ਤੁਹਾਨੂੰ ਅਗਲੇ ਕਾਰੋਬਾਰ ਦਿਨ ਨੂੰ ਸਥਿਤੀ ਵਿੱਚ ਬਦਲਾਵ ਬਾਰੇ ਈਮੇਲ ਕਰੇਗੀ। ਰਜਿਸਟਰ ਹੋਣ ਲਈ, 204-954-4573 'ਤੇ ਕਾਲ ਕਰੋ ਜਾਂ ਕੈਨੇਡਾ ਵਿੱਚ ਟੌਲ ਫ੍ਰੀ 1-855-954-4321, ਐਕਸਟੈਨਸ਼ਨ 4573 'ਤੇ ਕਾਲ ਕਰੋ।

**ਕਿਰਪਾ ਕਰਕੇ ਨੋਟ ਕਰੋ:**
ਜੇ ਤੁਸੀਂ "ਮੰਨੇ ਗਏ ਮਜ਼ਦੂਰ" ਸਥਿਤੀ ਨੂੰ ਦੇਖਦੇ ਹੋ, ਜਾਂ ਜੇ ਤੁਸੀਂ ਪ੍ਰਣਾਲੀ ਵਿੱਚ ਆਪਣੇ ਠੇਕੇਦਾਰ ਦਾ ਪਤਾ ਨਹੀਂ ਲਗਾ ਸਕਦੇ, ਅਤੇ ਤੁਸੀਂ ਇੱਕ ਗੈਰ-ਠੇਕਾ ਆਧਾਰਿਤ ਉਦਯੋਗ ਵਿੱਚ ਹੋ, ਤਾਂ ਤੁਹਾਨੂੰ ਆਪਣੀ ਸਥਿਤੀ ਦੀ ਤਸਦੀਕ ਕਰਨ ਲਈ WCB ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।

ਤੁਹਾਨੂੰ ਕਿਸੇ ਠੇਕੇ ਉੱਤੇ ਅੰਤਿਮ ਭੁਗਤਾਨ ਕਰਨ ਤੋਂ ਪਹਿਲਾਂ ਇਕ ਆਗਿਆ-ਪੱਤਰ ਪ੍ਰਾਪਤ ਕਰਨਾ ਚਾਹੀਦਾ ਹੈ ਕਿਉਂਕਿ ਜੇ ਉਪ-ਠੇਕੇਦਾਰ ਕੋਲ WCB ਪੈਸਾ ਹੁੰਦਾ ਹੈ, ਤਾਂ ਤੁਸੀਂ ਠੇਕੇ ਦੇ ਮਜ਼ਦੂਰੀ ਹਿੱਸੇ ਉੱਤੇ ਪ੍ਰੀਮਿਅਮਾਂ ਨੂੰ ਰੋਕਣ ਵਾਸਤੇ ਜਵਾਬਦੇਹ ਬਣੋਗੇ।

**ਕਈ ਵਾਰ, ਠੇਕਿਆਂ ਉੱਤੇ ਅੰਤਿਮ ਫੈਸਲੇ ਬਾਕਾਇਦਾ ਕਾਰੋਬਾਰ ਘੰਟਿਆਂ ਤੋਂ ਬਾਹਰ ਕੀਤੇ ਜਾਂਦੇ ਹਨ। ਮੁੱਖ ਠੇਕੇਦਾਰ ਵਜੋਂ, ਜੇ ਕੋਈ ਉਪ-ਠੇਕੇਦਾਰ ਮੈਨੂੰ ਦੱਸਦਾ ਹੈ ਕਿ ਉ ਹਨਾਂ ਕੋਲ ਮੁਆਵਜ਼ਾ ਕਵਰੇਜ ਹੈ ਅਤੇ ਮੈਨੂੰ ਬਾਅਦ ਵਿੱਚ ਪਤਾ ਲੱਗਦਾ ਹੈ ਕਿ ਉ ਹਨਾਂ ਕੋਲ ਨਹੀਂ ਸੀ, ਕੀ ਮੈਂ ਉ ਹਨਾਂ ਨੂੰ ਵਿੱਤੀ ਤੌਰ ਤੇ ਜ਼ਿੰਮੇਵਾਰ ਠਹਿਰਾ ਸਕਦਾ/ਸਕਦੀ ਹਾਂ?**

ਨਹੀਂ, ਤੁਸੀਂ ਨਹੀਂ ਠਹਿਰਾ ਸਕਦੇ। *ਵਰਕਰਜ਼ ਕਮਪਨਸੇਸ਼ਨ ਐਕਟ (The Workers Compensation Act)* ਦੱਸਦਾ ਹੈ ਕਿ ਮੁੱਖ ਠੇਕੇਦਾਰਾਂ ਨੂੰ WCB ਉਹਨਾਂ ਪ੍ਰੀਮੀਅਮ ਰਕਮਾਂ ਦੀ ਭਰਪਾਈ ਕਰਨ ਲਈ ਉਪ-ਠੇਕੇਦਾਰਾਂ ਨੂੰ ਭੁਗਤਾਨ ਕੀਤੇ ਪੈਸੇ ਨਹੀਂ ਕੱਟਣੇ ਚਾਹੀਦੇ ਜੋ ਕਿ ਮੁੱਖ ਠੇਕੇਦਾਰ ਉਪ-ਠੇਕੇਦਾਰੀ ਵਾਲੇ ਭੁਗਤਾਨਾਂ ਦੇ ਮਜ਼ਦੂਰ ਵਰਗ ਨੂੰ ਦਿੰਦਾ ਹੈ।

ਇਸ ਲਈ, ਜਦੋਂ ਤੱਕ ਤੁਸੀਂ WCB ਦੇ ਨਾਲ ਉਪ-ਠੇਕੇਦਾਰ ਦੀ ਸਥਿਤੀ ਦੀ ਤਸਦੀਕ ਨਹੀਂ ਕਰ ਲਈ ਹੈ, ਕਿਸੇ ਅੰਤਿਮ ਫੈਸਲਿਆਂ ਵਿੱਚ ਦੇਰ ਪਾਉਣਾ ਤੁਹਾਡੇ ਸਭ ਤੋਂ ਵਧੀਆ ਹਿੱਤ ਵਿੱਚ ਹੁੰਦਾ ਹੈ।

**ਜੇ ਇਕ ਕਾਰੋਬਾਰ ਨੂੰ ਮੇਰੇ ਮਜ਼ਦੂਰ ਵਜੋਂ ਸਮਝਿਆ ਜਾਂਦਾ ਹੈ ਤਾਂ ਕੀ ਮੇਰਾ ਆਕਲਨ ਠੇਕੇ ਦੀ ਸਮੁੱਚੀ ਰਕਮ ਉੱਤੇ ਕੀਤਾ ਜਾਂਦਾ ਹੈ?**

WCB ਸਿਰਫ਼ ਠੇਕੇ ਦੇ ਮਜ਼ਦੂਰੀ ਹਿੱਸੇ ਦੀ ਰਕਮ ਦੇ ਆਧਾਰ ਉੱਤੇ ਤੁਹਾਨੂੰ ਪ੍ਰੀਮੀਅਮ ਰਕਮਾਂ ਦਾ ਖਰਚਾ ਪਾਉਂਦਾ ਹੈ।

WCB ਦੀ ਇਕ ਸਮਾਂ-ਸੂਚੀ ਹੈ ਜੋ ਕੀਤੇ ਜਾ ਰਹੇ ਕੰਮ ਦੀ ਕਿਸਮ ਦੇ ਆਧਾਰ ਉੱਤੇ ਮਿਆਰੀ ਮਜ਼ਦੂਰੀ ਪ੍ਰਤੀਸ਼ਤਾਂ ਪ੍ਰਦਾਨ ਕਰਦੀ ਹੈ ਜਿਸ ਨੂੰ ਉਹਨਾਂ ਠੇਕਿਆਂ ਵਿੱਚ ਮਜ਼ਦੂਰੀ ਦੀ ਰਕਮ ਸਥਾਪਿਤ ਕਰਨ ਲਈ ਲਾਗੂ ਕੀਤਾ ਜਾ ਸਕਦਾ ਹੈ ਜਿੱਥੇ ਕੀਮਤ ਸਮੱਗਰੀਆਂ ਅਤੇ/ਜਾਂ ਉਪਕਰਣ ਨੂੰ ਸ਼ਾਮਲ ਕਰਦੀ ਹੈ। ਤੁਸੀਂ https://www.wcb.mb.ca/assessment-schedule-for-contract-labour-faq 'ਤੇ ਠੇਕਾ ਮਜ਼ਦੂਰੀ ਲਈ ਮੁਲਾਂਕਣ ਸਮਾਂ-ਸੂਚੀ ਦੀ ਇੱਕ ਨਕਲ ਪ੍ਰਾਪਤ ਕਰ ਸਕਦੇ ਹੋ।

ਠੇਕਾ ਮਜ਼ਦੂਰਾਂ ਉੱਤੇ ਹੋਰ ਜਾਣਕਾਰੀ ਲਈ, ਆਕਲਨ ਸੇਵਾ (Assessment Services) ਨਾਲ 204-954-4505 'ਤੇ ਜਾਂ ਕੈਨੇਡਾ ਅਤੇ ਯੂਨਾਈਟਿਡ ਸਟੇਟਸ ਵਿੱਚ ਟੋਲ ਫ੍ਰੀ ਨੰਬਰ 1-855-954-4321 ਐਕਸਟੈਨਸ਼ਨ 4505 'ਤੇ ਸੰਪਰਕ ਕਰੋ ਜਾਂ 204-954-4900 'ਤੇ ਫੈਕਸ ਕਰੋ ਜਾਂ ਕੈਨੇਡਾ ਅਤੇ ਯੂਨਾਈਟਿਡ ਸਟੇਟਸ ਵਿੱਚ ਟੋਲ ਫ੍ਰੀ ਨੰਬਰ 1-866-245-0796 'ਤੇ ਸੰਪਰਕ ਕਰੋ, ਜਾਂ assessmentservices@wcb.mb.ca 'ਤੇ ਈਮੇਲ ਕਰੋ ਜਾਂ ਤੁਸੀਂ ਸਾਨੂੰ ਇਸ ਪਤੇ 'ਤੇ ਪੱਤਰ ਲਿਖ ਸਕਦੇ ਹੋ:

Workers Compensation Board of Manitoba
Assessment Services
333 Broadway
Winnipeg, Manitoba R3C 4W3

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਹ ਕਨੂੰਨੀ ਸਲਾਹ ਦੇ ਇਰਾਦੇ ਨਾਲ ਨਹੀਂ ਹੈ, ਅਤੇ ਇਸ 'ਤੇ ਇਸ ਵਜੋਂ ਭਰੋਸਾ ਨਹੀਂ ਕਰਨਾ ਚਾਹੀਦਾ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations) ਅਤੇ WCB* ਦੀਆਂ ਨੀਤੀਆਂ *ਦੇਖੋ।* ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca 'ਤੇ ਉਪਲਬਧ ਹਨ।